## ਸਟੇਟ ਆਰਮਡ ਪੁਲਿਸ ਕੇਡਰ ਦੇ ਕਰਮਚਾਰੀਆਂ ਦੇ ਮਿਤੀ 03-09-2023 ਨੂੰ ਲਏ ਗਏ ਬੀ.ਪੀ.ਟੀ-2023 ਅਤੇ ਸਰਵਿਸ ਰਿਕਾਰਡ ਦੇ ਪ੍ਰੋਵੀਜੀਨਲ ਅੰਕਾਂ ਸਬੰਧੀ।

## ਨੋਟਿਸ

ਹਵਾਲਾ ਇਸ ਦਫਤਰ ਵੱਲੋ ਜਾਰੀ ਕੀਤੇ ਗਏ ਨੋਟਿਸ ਨੰ: 12392/ਸੀਬੀ-ਪੀਸੀ. ਮਿਤੀ 03-09-2023 ਅਤੇ 13329/ਸੀਬੀ-ਪੀਸੀ ਮਿਤੀ 21-09-2023 ਦੀ ਲੜੀ ਵਿੱਚ ।

2) ਸਟੇਟ ਆਰਮਡ ਪੁਲਿਸ ਕੇਡਰ ਦੇ ਕਰਮਚਾਰੀਆਂ ਵੱਲੋ ਮਿਤੀ 03-09-2023 ਨੂੰ ਦਿੱਤੇ ਗਏ ਬੀ.ਪੀ.ਟੀ.-2023 ਦੀਆਂ ੳ.ਐਮ.ਆਰ. ਸ਼ੀਟਾਂ ਚੈਕ ਕਰਨ ਉਪਰੰਤ, ਉਹਨਾਂ ਦੇ ਬੀ.ਪੀ.ਟੀ.-2023 ਵਿੱਚ ਹਾਸਿਲ ਕੀਤੇ ਗਏ ਅੰਕ ਅਤੇ ਸਰਵਿਸ ਰਿਕਾਰਡ ਦੇ ਅੰਕਾਂ ਦਾ ਵੇਰਵਾ ਇਸ ਵੈਬਸਾਈਟ ਪਰ ਅਪਲੋਡ ਕੀਤਾ ਗਿਆ ਹੈ।

3) ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਜੀ ਵੱਲੋਂ ਬੀ.ਪੀ.ਟੀ. ਸਬੰਧੀ ਜਾਰੀ ਸਥਾਈ ਹੁੱਕਮ ਨੰਬਰ 12/2010 ਵਿੱਚ ਦਰਜ ਉਪਬੰਧਾਂ ਮੁਤਾਬਿਕ ਬੀ.ਪੀ.ਟੀ.-2023 ਵਿੱਚ ਪਾਸ ਅੰਕ 50% ਹਨ । ਇਸ ਲਈ ਜਿਹੜੇ ਕਰਮਚਾਰੀਆਂ ਨੇ ਉਕਤ ਟੈਸਟ ਵਿੱਚ 47.50 (50%) ਤੋਂ ਘੱਟ ਅੰਕ ਪ੍ਰਾਪਤ ਕੀਤੇ ਹਨ, ਉਹ ਫਾਈਨਲ ਮੈਰਿਟ ਵਿੱਚ ਵਿਚਾਰਨਯੋਗ ਨਹੀ ਹਨ।

4) ਜੇਕਰ ਕਿਸੇ ਕਰਮਚਾਰੀ ਨੂੰ ਆਪਣੇ ਬੀ.ਪੀ.ਟੀ.-2023 ਦੇ ਅੰਕਾਂ ਸਬੰਧੀ ਕੋਈ ਇਤਰਾਜ ਹੈ, ਤਾਂ ਉਹ ਆਪਣੀ ਲਿਖਤੀ ਪ੍ਰਤੀਬੇਨਤੀ ਮਿਤੀ 27-09-2023 (ਸ਼ਾਮ 05 ਵਜੇ ਤੱਕ) ਹੇਠ ਲਿਖੇ ਅਨੁਸਾਰ ਭੇਜ ਸਕਦਾ ਹੈ:

ੳ) ਈਮੇਲ ਐਡਰੈਸ **helpdeskbpt@gmail.com** ਪਰ ਸਮੇਤ ਆਪਣੀ ਲਿਖਤੀ ਪ੍ਰਤੀਬੇਨਤੀ ਦੀ ਸਕੈਨਡ ਕਾਪੀ ਜਾਂ

ਅ) ਲਿਖਤੀ ਪ੍ਰਤੀਬੇਨਤੀ ਫੈਕਸ ਨੰ: **0181-2924367** ਪਰ ਜਾਂ

ੲ) ਲਿਖਤੀ ਪ੍ਰਤੀਬੇਨਤੀ ਨਿੱਜੀ ਤੋਰ ਪਰ ਕਮਾਂਡੈਂਟ, ਪੀਏਪੀ ਸਿਖਲਾਈ ਕੇਂਦਰ, ਜਲੰਧਰ ਦੇ ਦਫਤਰ ਵਿਖੇ।

5) ਇਸ ਸਬੰਧ ਵਿੱਚ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 27-09-2023 ਸ਼ਾਮ 05 ਵਜੇ ਤੋਂ ਬਾਅਦ ਪ੍ਰਾਪਤ ਕੋਈ ਵੀ ਪ੍ਰਤੀਬੇਨਤੀ ਵਿਚਾਰਨਯੋਗ ਨਹੀ ਹੋਵੇਗੀ।

ਨੋਟ : ਪ੍ਰਸ਼ਨ ਪੱਤਰ ਜਾਂ 'ਉਤਰ ਕੀ' ਅਤੇ ਸਰਵਿਸ ਰਿਕਾਰਡ ਦੇ ਅੰਕਾਂ ਸਬੰਧੀ ਇਤਰਾਜ/ ਪ੍ਰਤੀਬੇਨਤੀਆਂ ਕਮੇਟੀ ਬੀ.ਪੀ.ਟੀ.-2023 ਵੱਲੋਂ ਪਹਿਲਾਂ ਹੀ ਵਿਚਾਰੇ ਜਾ ਚੁੱਕੇ ਹਨ । ਇਸ ਲਈ ਪ੍ਰਸ਼ਨ ਪੱਤਰ ਜਾਂ 'ਉਤਰ ਕੀ' ਜਾਂ ਸਰਵਿਸ ਰਿਕਾਰਡ ਦੇ ਅੰਕਾਂ ਸਬੰਧੀ ਕੋਈ ਵੀ ਇਤਰਾਜ/ਪ੍ਰਤੀਬੇਨਤੀ ਨੂੰ ਇਸ ਸਟੇਜ ਪਰ ਨਹੀ ਵਿਚਾਰਿਆ ਜਾਵੇਗਾ ।

ਚੇਅਰਮੈਨ,
ਬੀ.ਪੀ.ਟੀ-2023 (ਸਟੇਟ ਆਰਮਡ ਪੁਲਿਸ ਕੇਡਰ),
-ਕਮ- ਵਧੀਕ ਡਾਇਰੈਕਟਰ ਜਨਰਲ ਪੁਲਿਸ,
ਸਟੇਟ ਆਰਮਡ ਪੁਲਿਸ, ਜਲੰਧਰ ।

ਨੱਥੀ: ਲਿਸਟ।

ਨੰਬਰ 339 /ਬੀ.ਪੀ.ਟੀ-2023, ਮਿਤੀ 25-09-2023